a2zpapers.com

www.a2zpapers.com

143

Roll No. ..................

Total No. of Questions : 20]

[Total No. of Printed Pages : 8

SS

2087

ਸਲਾਨਾ ਪਰੀਖਿਆ ਪ੍ਰਨਾਲੀ

# BUSINESS ECONOMICS AND QUANTITATIVE METHODS-II

(Commerce Group)

(Punjabi, Hindi and English Versions)

(Evening Session)

Time allowed : Three hours

Maximum marks : 65

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 143 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ ਪੱਤਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ । (ਭਾਗ–ੳ, ਭਾਗ–ਅ, ਭਾਗ–ੲ, ਅਤੇ ਭਾਗ–ਸ) ।

(v) ਭਾਗ–ੳ : ਵਿੱਚ ਪ੍ਰਸ਼ਨ ਨੰ. 1 ਹੋਵੇਗਾ, ਜਿਸਦੇ ਪੰਜ ਭਾਗ ਹੋਣਗੇ, ਹਰੇਕ ਭਾਗ ਇੱਕ ਅੰਕ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 1-15 ਸ਼ਬਦਾਂ ਵਿੱਚ ਲਿਖੋ ।

(vi) ਭਾਗ–ਅ : ਵਿੱਚ ਪ੍ਰਸ਼ਨ ਨੰ. 2 ਤੋਂ 8 ਤੱਕ ਹੋਣਗੇ, ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ, ਜਿਨ੍ਹਾਂ ਦਾ ਉੱਤਰ 5-10 ਲਾਇਨਾਂ ਵਿੱਚ ਲਿਖੋ ।

(vii) ਭਾਗ–ੲ : ਵਿੱਚ ਪ੍ਰਸ਼ਨ ਨੰ. 9 ਤੋਂ 17 ਤੱਕ ਹੋਣਗੇ ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਕੋਈ 7 ਪ੍ਰਸ਼ਨ ਕਰਨੇ ਜ਼ਰੂਰੀ ਹਨ । ਇਹਨਾਂ ਦਾ ਉੱਤਰ 15-20 ਲਾਇਨਾਂ ਵਿੱਚ ਦਿਉ ।

(viii) ਭਾਗ–ਸ : ਵਿੱਚ ਪ੍ਰਸ਼ਨ ਨੰ. 18-20 ਤੱਕ ਅੰਦਰੂਨੀ ਚੋਣ ਵਾਲੇ ਹੋਣਗੇ, ਹਰੇਕ ਪ੍ਰਸ਼ਨ 6 ਅੰਕਾਂ ਦਾ ਹੋਵੇਗਾ ਜਿਨ੍ਹਾਂ ਦਾ ਉੱਤਰ 3-5 ਪੰਨਿਆ ਵਿੱਚ ਲਿਖੋ ।

(ix) ਲੋੜ ਅਨੁਸਾਰ ਚਿੱਤਰ ਬਣਾਓ ।

(x) ਪ੍ਰੋਗਰਾਮਾਂ ਤੋਂ ਬਿਨਾਂ ਸਧਾਰਣ ਕੈਲਕੁਲੇਟਰ ਵਰਤਣ ਦੀ ਆਗਿਆ ਹੈ । ਵਿਦਿਆਰਥੀ ਆਪਣਾ ਕੈਲਕੁਲੇਟਰ ਪ੍ਰੀਖਿਆ ਭਵਨ ਵਿੱਚ ਲਿਆਓਣ । ਇੱਕ ਦੂਜੇ ਤੋਂ ਮੰਗਣ ਦੀ ਆਗਿਆ ਨਹੀਂ ਹੋਵੇਗੀ ।

### ਭਾਗ–ੳ

1. (a) ਮਧਿਅਕਾ ਬਰਾਬਰ ਹੈ 1

(i) $P_{60}$ (ii) $D_5$

(iii) $Q_3$ (iv) ਉਪਰੋਕਤ ਵਿੱਚੋਂ ਕੋਈ ਨਹੀਂ

(b) ਭਾਰਿਤ ਸੂਚਕ ਅੰਕ ਕੱਢਣ ਲਈ ਪਾਸਚੇ ਦਾ ਸੂਤਰ ਲਿਖੋ । 1

(c) ਠੀਕ ਜਾਂ ਗਲਤ ਲਿਖੋ

ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦ = ਸਾਧਨ ਲਾਗਤ ਤੇ ਕੁੱਲ ਰਾਸ਼ਟਰੀ ਉਤਪਾਦ + ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



1

(d) ਪ੍ਰਤੀਨਿਧੀ ਪੂਰਨ-ਕਾਇਆ ਮੁਦਰਾ ਕੀ ਹੈ ?

(e) ਜਦੋਂ ਵਪਾਰ ਸੰਤੁਲਨ 100 ਕਰੋੜ ਰੁਪਏ ਘਾਟੇ ਦਾ ਹੈ ਨਿਰਯਾਤ ਦਾ ਮੁੱਲ 400 ਕਰੋੜ ਰੁਪਏ ਹੈ ਤਾਂ ਆਯਾਤ ਦਾ ਮੁੱਲ ਗਿਆਤ ਕਰੋ । 1

## ਭਾਗ–ਅ

2. ਮਧਿਅਕਾ ਦੀ ਪਰਿਭਾਸ਼ਾ ਲਿਖੋ । 2
3. ਦਸ਼ਮਕ ਵਿਸਥਾਰ ਕੀ ਹੈ ? 2
4. ਮਾਤਰਾ ਸੂਚਕ ਅੰਕ ਦੀ ਵਿਆਖਿਆ ਕਰੋ । 2
5. ਬਿਖਰੇ ਬਿੰਦੂ ਚਿੱਤਰ ਵਿਧੀ ਬਾਰੇ ਲਿਖੋ । 2
6. ਬਜ਼ਾਰ ਕੀਮਤ ਤੇ ਸ਼ੁੱਧ ਘਰੇਲੂ ਉਤਪਾਦ ਕੀ ਹੈ ? 2
7. ਸੀਮਾਂਤ ਉਪਭੋਗ ਪ੍ਰਵ੍ਰਿਤੀ ਅਤੇ ਸੀਮਤ ਬੱਚਤ ਪ੍ਰਵ੍ਰਿਤੀ ਵਿੱਚ ਸੰਬੰਧ ਬਣਾਉ । 2
8. ਵਿਧਾਨਿਕ ਤਰਲਤਾ ਅਨੁਪਾਤ ਦੀ ਵਿਆਖਿਆ ਕਰੋ । 2

## ਭਾਗ–ੲ

9. ਹੇਠ ਲਿਖੇ ਆਂਕੜਿਆਂ ਤੋਂ ਮਧਿਅਕਾ ਗਿਆਤ ਕਰੋ : 4

| ਅੰਕ : | 10 ਤੋਂ ਘੱਟ | 20 ਤੋਂ ਘੱਟ | 30 ਤੋਂ ਘੱਟ | 40 ਤੋਂ ਘੱਟ | 50 ਤੋਂ ਘੱਟ |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ : | 3 | 12 | 30 | 36 | 45 |

10. ਹੇਠਾਂ ਲਿਖੀ ਵੰਡ ਦਾ ਵਿਚਰਨ ਗੁਣਾਂਕ ਪਤਾ ਕਰੋ : 4

| ਅੰਕ : | 0–10 | 10–20 | 20–30 | 30–40 | 40–50 |
|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ : | 14 | 24 | 26 | 20 | 16 |

11. ਹੇਠਾਂ ਲਿਖੇ ਡਾਟਾ ਤੋਂ ਆਦਰਸ਼ ਸੂਚਕ ਅੰਕ ਗਿਆਤ ਕਰੋ : 4

| ਵਸਤੂਆਂ | ਕੀਮਤ (ਰੁ:) | | ਮਾਤਰਾ (ਕਿ.ਗ੍ਰ.) | |
|---|---|---|---|---|
| | 2016 | 2017 | 2016 | 2017 |
| A | 6 | 8 | 12 | 14 |
| B | 8 | 10 | 16 | 22 |
| C | 4 | 4 | 6 | 12 |
| D | 14 | 18 | 14 | 20 |

12. ਉਪਭੋਗਤਾ ਦੀ ਆਮਦਨ ਤੇ ਪ੍ਰਤੀਗਮਨ ਸਮੀਕਰਨ ਬਣਾਉ । 4

| ਆਮਦਨ (ਰੁ:) | 200 | 400 | 600 | 800 | 1000 | 1200 | 1400 |
|---|---|---|---|---|---|---|---|
| ਉਪਭੋਗਤਾ | 160 | 360 | 580 | 600 | 760 | 1000 | 1120 |

13. ਹੇਠਾਂ ਦਿੱਤੀ ਗਈ ਸੂਚਨਾਂ ਦੀ ਸਹਾਇਤਾ ਨਾਲ ਗਿਆਤ ਕਰੋ । 4
   (ੳ) ਸਾਧਨ ਲਾਗਤ ਤੇ ਸ਼ੁੱਧ ਰਾਸ਼ਟਰੀ ਉਤਪਾਦ
   (ਅ) ਵਿਅਕਤੀਗਤ ਆਮਦਨ

| ਮਦਾਂ | | ਕਰੋੜ ਰੁ: |
|---|---|---|
| (i) ਸਾਧਨ ਲਾਗਤ ਤੇ ਸ਼ੁੱਧ ਘਰੇਲੂ ਉਤਪਾਦ | = | 1,08,000 |
| (ii) ਵਿਦੇਸ਼ਾਂ ਤੋਂ ਸ਼ੁੱਧ ਸਾਧਨ ਆਮਦਨ | = | 400 |
| (iii) ਸਰਕਾਰੀ ਪ੍ਰਸ਼ਾਸ਼ਨਕ ਵਿਭਾਗਾਂ ਦੁਆਰਾ ਅਰਜਿਤ ਸੰਪਤੀ ਅਤੇ ਉੱਦਮ ਤੋਂ ਆਮਦਨ | = | 2,600 |
| (iv) ਰਾਸ਼ਟਰੀ ਕਰਜ਼ੇ ਤੇ ਵਿਆਜ | = | 1,200 |
| (v) ਨਿਗਮ ਕਰ | = | 1,600 |
| (vi) ਪਰਿਵਾਰ ਦੁਆਰਾ ਦਿੱਤਾ ਗਿਆ ਪ੍ਰਤੱਖ ਕਰ | = | 2400 |


www.a2zpapers.com www.a2zpapers.com
Download free old Question papers gndu, ptu hp board, punjab board

a2zpapers.com



14. ਮੁਦਰਾ ਨੀਤੀ ਦੇ ਅੰਤਰਗਤ ਕੀਤੇ ਜਾਣ ਵਾਲੇ ਗੁਣਾਤਮਕ ਉਪਾਆਂ ਦਾ ਵਰਨਣ ਕਰੋ । 4
15. ਵਪਾਰਿਕ ਬੈਂਕ ਦੇ ਵੱਖ-ਵੱਖ ਕੰਮਾਂ ਬਾਰੇ ਲਿਖੋ । 4
16. ਬਜਟ ਖਰਚਿਆਂ ਤੋਂ ਕੀ ਭਾਵ ਹੈ, ਚਰਚਾ ਕਰੋ । 4
17. ਭੁਗਤਾਨ ਬਾਕੀ ਵਿਚ ਚਾਲੂ ਖਾਤੇ ਦੀਆਂ ਵੱਖ-ਵੱਖ ਮਦਾਂ ਦਾ ਵਰਨਣ ਕਰੋ । 4

ਭਾਗ–ਸ

18. ਹੇਠ ਲਿਖੀ ਆਵ੍ਰਿਤੀ ਵੰਡ ਵਿੱਚ ਵਰਗ ਅੰਤਰ 40-50 ਦੀ ਆਵ੍ਰਿਤੀ ਨਹੀਂ ਪਤਾ, ਇਸ ਦਾ ਪਤਾ ਕਰੋ । ਜੇ ਇਸ ਵੰਡ ਦੀ ਔਸਤ 52 ਰੁਪਏ ਹੋਵੇ । 6

| ਮਜ਼ਦੂਰੀ (ਰੁ:) : | 10–20 | 20–30 | 30–40 | 40–50 | 50–60 | 60–70 | 70–80 |
|---|---|---|---|---|---|---|---|
| ਕਾਮਿਆਂ ਦੀ ਗਿਣਤੀ : | 10 | 6 | 8 | ? | 4 | 12 | 26 |

ਜਾਂ

ਅਕਾਉਂਟੈਂਸੀ ਅਤੇ ਗਣਿਤ ਵਿੱਚੋਂ ਪ੍ਰਾਪਤ ਅੰਕਾਂ ਵਿੱਚ ਸਹਿਸੰਬੰਧ ਪਤਾ ਕਰੋ । 6

| ਅਕਾਉਂਟੈਂਸੀ ਵਿੱਚੋਂ ਪ੍ਰਾਪਤ ਅੰਕ : | 29 | 37 | 46 | 55 | 77 | 99 | 107 | 57 |
|---|---|---|---|---|---|---|---|---|
| ਗਣਿਤ ਵਿੱਚੋਂ ਪ੍ਰਾਪਤ ਅੰਕ : | 81 | 63 | 54 | 45 | 36 | 23 | 47 | 41 |

19. ਭੁਗਤਾਨ ਬਾਕੀ ਵਿੱਚ ਹੋਏ ਅਸੰਤੁਲਨ ਨੂੰ ਠੀਕ ਕਰਨ ਲਈ ਕਿਹੜੇ ਤਰੀਕੇ ਵਰਤੇ ਜਾ ਸਕਦੇ ਹਨ, ਵਿਆਖਿਆ ਕਰੋ । 6

ਜਾਂ

ਚਿੱਤਰਾਂ ਦੀ ਸਹਾਇਤਾ ਨਾਲ ਵਿਆਖਿਆ ਕਰੋ ਕਿ ਆਮਦਨ ਅਤੇ ਰੋਜ਼ਗਾਰ ਦਾ ਸੰਤੁਲਨ ਰੋਜ਼ਗਾਰ ਪੱਧਰ ਤੇ ਹੋਣਾ ਲਾਜ਼ਮੀ ਨਹੀਂ ਹੈ । 6

20. ਹੇਠ ਦਿੱਤੀ ਕ੍ਰਮਬੱਧ ਸੂਚਕ ਅੰਕ ਤੋਂ ਸਥਿਰ ਅਧਾਰ ਸੂਚਕ ਅੰਕ ਤਿਆਰ ਕਰੋ ।

| ਸਾਲ : | 1982 | 1983 | 1984 | 1985 | 1986 | 1987 |
|---|---|---|---|---|---|---|
| ਕ੍ਰਮਬੱਧ ਸੂਚਕ ਅੰਕ : | 70 | 110 | 130 | 100 | 130 | 150 |

ਜਾਂ

ਆਮਦਨ ਵਿਧੀ ਨਾਲ ਰਾਸ਼ਟਰੀ ਆਮਦਨ ਕਿਵੇਂ ਮਾਪੀ ਜਾਂਦੀ ਹੈ, ਵਿਆਖਿਆ ਕਰੋ । 6

**(Hindi Version)**

www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board